ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।
ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਪੰਜਵੀਂ ਮੰਜਿਲ, ਈ-ਬਲਾਕ, ਫੇਜ਼-8
ਐਸ.ਏ.ਐਸ.ਨਗਰ (ਵਜੀਫਾ ਸਾਖਾ)

ਵੱਲ

ਅਤਿ ਜਰੂਰੀ

ਪੰਜਾਬ ਰਾਜ ਦੇ ਸਮੂਹ
ਜ਼ਿਲ੍ਹਾ ਸਿੱਖਿਆ ਅਫ਼ਸਰ(ਸੈ.ਸਿ) ਪੰਜਾਬ।
ਮੀਮੋ ਨੰ.ਈ-ਫਾਇਲ- 727128 /2024/317484
ਮਿਤੀ ਐੱਸ.ਏ.ਐੱਸ.ਨਗਰ:

**ਵਿਸ਼ਾ:** **ਸੈਸ਼ਨ 2024-25 ਅਧੀਨ Encouragement Awards to SC girl ਸਕੀਮ ਦੇ ਰੀਨਿਊਯਲ (12ਵੀਂ ਜਮਾਤ) ਵਿੱਦਿਆਰਥਣਾਂ ਨੂੰ ਈ. ਪੰਜਾਬ ਪੋਰਟਲ ਤੇ ਰਜਿਸਟਰਡ ਕਰਨ ਸਬੰਧੀ।**

1.0 ਉਪਰੋਕਤ ਵਿਸ਼ੇ ਸਬੰਧੀ ਇੰਨਕਰਜਮੈਂਟ ਅਵਾਰਡ ਟੂ ਐੱਸ.ਸੀ. ਗਰਲਜ਼ ਸਕੀਮ ਤਹਿਤ ਸਾਲ 2024-25 ਲਈ ਯੋਗ ਵਿੱਦਿਆਰਥਣਾਂ ਨੂੰ ਈ. ਪੰਜਾਬ ਪੋਰਟਲ ਤੇ ਰਜਿਸਟਰਡ ਕਰਵਾਉਣ ਦੀ ਪ੍ਰਕਿਰਿਆ ਚੱਲ ਰਹੀ ਹੈ। ਪਰੰਤੂ ਈ. ਪੰਜਾਬ ਪੋਰਟਲ ਦੀ ਕੰਨਸੋਲੀਡੇਟਡ ਰਿਪੋਰਟ ਨੂੰ ਵਾਚਣ ਉਪਰੰਤ ਇਹ ਧਿਆਨ ਵਿੱਚ ਆਇਆ ਹੈ ਪੰਜਾਬ ਰਾਜ ਦੇ ਸਮੂਹ ਜ਼ਿਲ੍ਹਿਆਂ ਦੇ ਸਕੂਲਾਂ ਵਲੋਂ ਈ. ਪੰਜਾਬ ਪੋਰਟਲ ਤੇ ਰੀਨਿਊਯਲ (12ਵੀਂ ਜਮਾਤ) ਵਿੱਦਿਆਰਥਣਾਂ ਨੂੰ ਗਿਣਤੀ ਤੋਂ ਵੱਧ ਰਜਿਸਟਰਡ ਕੀਤਾ ਗਿਆ ਹੈ ਜੋ ਕਿ ਸਬੰਧਤ ਸਕੀਮ ਤਹਿਤ ਤਰਕਸੰਗਤ ਨਹੀਂ ਹੈ। (ਸਬੰਧਤ ਈ.ਪੰਜਾਬ ਪੋਰਟਲ ਦੀ ਕੰਸੋਲੀਡੇਟਡ ਰਿਪੋਰਟ ਨਾਲ ਨੱਥੀ ਹੈ )

2.0 ਸਕੀਮ ਦੀਆਂ ਗਾਈਡਲਾਈਨਜ਼ ਅਨੁਸਾਰ ਪਿਛਲੇ ਸਾਲ ਭਾਵ ਸੈਸ਼ਨ 2023-24 ਦੌਰਾਨ ਜਿਹੜੀਆਂ ਵਿੱਦਿਆਰਥਣਾਂ ਨੂੰ 11 ਵੀਂ ਜਮਾਤ ਵਿੱਚ ਵਜ਼ੀਫਾ ਦਿੱਤਾ ਗਿਆ ਸੀ, ਉਹਨਾਂ ਵਿੱਦਿਆਰਥਣਾਂ ਨੂੰ ਹੀ ਇਸ ਸਾਲ ਸੈਸ਼ਨ 2024-25 ਲਈ 12ਵੀਂ ਕਲਾਸ ਲਈ ਰੀਨਿਓਯਲ ਵਿੱਦਿਆਰਥਣਾਂ ਤੇ ਤੌਰ ਈ.ਪੰਜਾਬ ਸਕਾਲਰਸ਼ਿਪ ਪੋਰਟਲ ਤੇ ਰਜਿਸਟਰਡ ਕੀਤਾ ਜਾਣਾ ਸੀ।

3.0 ਇੱਥੇ ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਪਿਛਲੇ ਸਾਲ ਦੀਆਂ 11 ਵੀ ਜਮਾਤ ਦੀਆਂ ਜਿਹੜੀਆਂ ਵਿੱਦਿਆਰਥਣਾਂ ਨੂੰ ਵਜ਼ੀਫਾ ਦਿੱਤਾ ਗਿਆ ਸੀ ਕੇਵਲ ਉਹਨਾਂ ਵਿਚੋਂ ਹੀ ਯੋਗ ਵਿੱਦਿਆਰਥਣਾਂ ਨੂੰ ਰੀਨਿਊਯਲ ਵਿੱਦਿਆਰਥਣਾਂ(12 ਵੀਂ ਜਮਾਤ) ਦੇ ਤੌਰ ਤੇ ਇਸ ਸਾਲ (ਸੈਸ਼ਨ 2024-25 ) ਵਜ਼ੀਫਾ ਦਿੱਤਾ ਜਾਣਾ ਹੈ

4.0 ਉਪਰੋਕਤ ਦੇ ਸਨਮੁੱਖ ਈ. ਪੰਜਾਬ ਪੋਰਟਲ ਦੀ ਜ਼ਿਲ੍ਹਾਵਾਰ ਰਿਪੋਰਟ (ਸਮੇਤ ਜ਼ਿਲ੍ਹਾਵਾਰ ਅਪਲਾਈ ਕੀਤੀਆਂ ਗਈਆਂ ਵੱਧ ਵਿੱਦਿਆਰਥਣਾਂ (ਰੀਨਿਊਯਲ) ਭੇਜਦੇ ਹੋਏ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਪਿਛਲੇ ਸਾਲ 2023-24 ਦੀਆਂ 11ਵੀਂ ਕਲਾਸ ਦੀਆਂ ਜਿਹੜੀਆਂ ਵਿੱਦਿਆਰਥਣਾਂ ਨੂੰ ਜ਼ਿਲ੍ਹਵਾਰ ਗਿਣਤੀ ਅਨੁਸਾਰ ਵਜ਼ੀਫਾ ਦਿੱਤਾ ਗਿਆ ਸੀ ਕੇਵਲ ਉਹਨਾਂ ਵਿੱਦਿਆਰਥਣਾਂ ਨੂੰ ਹੀ ( ਸੈਸਨ 2024-25 ਦੋਰਾਨ 12 ਵੀ ਕਲਾਸ)ਵਜੀਫੇ ਦੀ ਯੋਗਤਾ /ਅਯੋਗਤਾ ਚੈੱਕ ਕਰਦੇ ਹੋਏ ਵਜ਼ੀਫੇ ਲਈ ਈ.ਪੰਜਾਬ ਪੋਰਟਲ ਤੇ ਅਪਰੂਵ ਕੀਤਾ ਜਾਵੇ

5.0 ਇਸ ਤੋਂ ਇਲਾਵਾ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਸਕੀਮ ਦੀਆਂ ਗਾਈਡਲਾਈਨਜ਼ ਅਨੁਸਾਰ ਹੀ ਵਿੱਦਿਆਰਥਣਾਂ ਨੂੰ ਈ.ਪੰਜਾਬ ਪੋਰਟਲ ਤੇ ਰਜਿਸਟਰਡ ਕੀਤਾ ਜਾਵੇ।

ਸਹਾਇਕ ਡਾਇਰੈਕਟਰ(ਵਜ਼ੀਫਾ)

# ਦਫਤਰ ਜਿਲ੍ਹਾ ਸਿੱਖਿਆ ਅਫਸਰ(ਸੈ.ਸਿ),ਲੁਧਿਆਣਾ ।

ਪਿੱਠ ਅੰਕਣ ਨੰ-ਸੈ.ਸਿ/ਜੀ-8/2024-1112 ਮਿਤੀ-ਲੁਧਿਆਣਾ 11/12/2024

ਉਕਤ ਦਾ ਉਤਾਰਾ ਸਬੰਧਤ ਸਕੂਲ ਮੁਖੀ ਨੂੰ ਸੂਚਨਾ ਹਿੱਤ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਸਕੀਮ ਦੀਆਂ ਗਾਈਡਲਾਈਨਜ਼ ਮੁਤਾਬਕ ਪਿਛਲੇ ਸਾਲ ਭਾਵ ਸੈਸ਼ਨ 2023-24 ਦੌਰਾਨ ਜਿਹੜੀਆਂ ਵਿਦਿਆਰਥਣਾਂ ਨੂੰ 11ਵੀਂ ਜਮਾਤ ਵਿੱਚ ਵਜੀਫਾ ਦਿੱਤਾ ਗਿਆ ਸੀ ਉਹਨਾਂ ਵਿਦਿਆਰਥਣਾਂ ਨੂੰ ਹੀ ਇਸ ਸਾਲ ਸੈਸ਼ਨ 2024-25 ਲਈ 12ਵੀਂ ਜਮਾਤ ਦੇ ਤੌਰ ਤੇ ਇਸ਼ ਸਾਲ (ਸੈਸ਼ਨ 2024-25) ਵਜੀਫਾ ਦਿੱਤਾ ਜਾਣਾ ਹੈ। ਇਸ ਦਫਤਰ ਵੱਲੋਂ ਜਾਰੀ ਪੱਤਰ ਨੰ -ਜੀ-8/202424 ਮਿਤੀ 24/09/2024 ਅਨੁਸਾਰ ਈ-7 ਇਨਕਰੈਜਮੈਂਟ ਅਵਾਰਡ ਸਬੰਧੀ ਆਪ ਜੀ ਨੂੰ 462 ਵਿਦਿਆਰਥੀਆਂ ਦੀ ਐਕਸ ਸ਼ੀਟ ਭੇਜੀ ਗਈ ਸੀ। ਜੋ ਕਿ ਹੁਣ ਵਿਭਾਗ ਵੱਲੋਂ ਲਿਸਟ ਪ੍ਰਾਪਤ ਹੋਈ ਹੈ ਉਸ ਵਿੱਚ ਜਿਲਆ ਲੁਧਿਆਣਾ ਦੇ ਕੁੱਲ 253 ਵਿਦਿਆਰਥੀ ਹਨ ਇਸ ਲਈ ਆਪ ਜੀ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ 253 ਵਿਦਿਆਰਥੀਆਂ ਨੂੰ ਅਪਰੂਵ ਕੀਤਾ ਜਾਣਾ ਹੈ। ਇਸ ਲਈ ਬਾਕੀ ਅਯੋਗ ਵਿਦਿਆਰਥੀਆਂ ਦਾ ਡਾਟਾ ਅੱਜ ਹੀ ਡਿਸਅਪਰੂਵ ਕੀਤਾ ਜਾਵੇ।

ਨੱਥੀ- ਅਪਰੂਵ ਕੀਤੇ ਜਾਣ ਵਾਲੇ 253 ਵਿਦਿਆਰਥੀਆਂ ਦੀ ਲਿਸਟ।

Pooja Vaid

for ਜਿਲ੍ਹਾ ਸਿੱਖਿਆ ਅਫਸਰ(ਸੈ.ਸਿ),
ਲੁਧਿਆਣਾ। ਜ਼ਿ./ਸ਼ਾ.
11/12/2024